LTSU
# LAMRIN TECH SKILLS UNIVERSITY PUNJAB

Prof. B.S. Satyal
Registrar
registrar@ltsu.ac.in
01881-270693, +91 94170-22131

Ref. No. LTSU/RG/2025/108
Date 11.07.2025

To
ਬੀ.ਟੈਕ. CSE (IBM) ਦੇ ਵਿਦਿਆਰਥੀਆਂ,
ਲੈਮਰਿਨ ਟੈਕ ਸਕਿਲਜ਼ ਯੂਨੀਵਰਸਿਟੀ ਪੰਜਾਬ

ਪਿਆਰੇ ਵਿਦਿਆਰਥੀਓ,

10 ਜੁਲਾਈ 2025 ਨੂੰ ਇੱਕ ਮੀਟਿੰਗ ਆਯੋਜਿਤ ਕੀਤੀ ਗਈ ਸੀ।

ਹੇਠ ਲਿਖੇ ਮਾਮਲਿਆਂ 'ਤੇ ਵਿਚਾਰ-ਚਰਚਾ ਹੋਈ ਅਤੇ ਤੁਹਾਨੂੰ ਅਗਾਹੀ ਲਈ ਜਾਣਕਾਰੀ ਦਿੱਤੀ ਜਾਂਦੀ ਹੈ:

- IBM ਨੇ ਇਹ ਪੁਸ਼ਟੀ ਕੀਤੀ ਹੈ ਕਿ ਉਹ ਲੈਮਰਿਨ ਟੈਕ ਸਕਿਲਜ਼ ਯੂਨੀਵਰਸਿਟੀ ਪੰਜਾਬ ਨਾਲ ਪਹਿਲਾਂ ਦੀ ਤਰ੍ਹਾਂ ਹੀ ਜੁੜੇ ਰਹਿਣਗੇ, ਜਿਵੇਂ ਕਿ ਕਾਰਜਕ੍ਰਮ ਦੀ ਸ਼ੁਰੂਆਤ ਵੇਲੇ ਸਹਿਮਤੀ ਹੋਈ ਸੀ। ਇਸ ਸਬੰਧੀ IBM ਵੱਲੋਂ ਵਿਦਿਆਰਥੀਆਂ ਨੂੰ ਇਕ ਅਧਿਕਾਰਕ ਈਮੇਲ ਭੇਜੀ ਗਈ ਹੈ।
- ਲੈਮਰਿਨ ਟੈਕ ਸਕਿਲਜ਼ ਯੂਨੀਵਰਸਿਟੀ ਪੰਜਾਬ ਪੂਰੀ ਤਰ੍ਹਾਂ ਵਚਨਬੱਧ ਹੈ ਕਿ ਉਹ ਵਿਦਿਆਰਥੀਆਂ ਨੂੰ ਗੁਣਵੱਤਾਪੂਰਕ ਸਿੱਖਿਆ ਅਤੇ ਪਲੇਸਮੈਂਟ ਡ੍ਰਾਈਵ ਸਮੇਤ ਸਾਰੀਆਂ ਸਹੂਲਤਾਂ ਉਪਲੱਬਧ ਕਰਵਾਵੇਗੀ।
- ਬੀ.ਟੈਕ. CSE (IBM) 2023 ਵਿਦਿਆਰਥੀਆਂ ਵੱਲੋਂ ਫੀਸ ਦੇ ਭੁਗਤਾਨ ਦੀ ਮੌਜੂਦਾ ਪ੍ਰਣਾਲੀ ਜਿਵੇਂ ਦੀ ਤਿਵੇਂ ਚੱਲਦੀ ਰਹੇਗੀ। ਵਿਦਿਆਰਥੀਆਂ ਨੂੰ ₹5.00 ਲੱਖ ਜਾਂ ਇਸ ਤੋਂ ਉੱਪਰ ਦੀ CTC ਵਾਲੀ ਨੌਕਰੀ ਲੱਗਣ ਤੱਕ ਲੋਨ ਦੀ ਰਕਮ ਅਦਾ ਕਰਨ ਦੀ ਲੋੜ ਨਹੀਂ ਹੈ।
- ਸਾਡੇ ਧਿਆਨ ਵਿੱਚ ਆਇਆ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨਿਕ ਅਧਿਕਾਰੀ ਤੋਂ ਬਾਹਰ ਦੇ ਕੁਝ ਲੋਕ ਵਿਦਿਆਰਥੀਆਂ ਤਕ ਗਲਤ ਜਾਣਕਾਰੀ ਪਹੁੰਚਾ ਰਹੇ ਹਨ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਅਜਿਹੀ ਕਿਸੇ ਵੀ ਜਾਣਕਾਰੀ 'ਤੇ ਭਰੋਸਾ ਨਾ ਕਰਨ। ਕੋਈ ਵੀ ਤਾਜ਼ਾ ਵਿਕਾਸ ਜਾਂ ਤਬਦੀਲੀ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਹੀ ਸਿੱਧੀ ਤੌਰ 'ਤੇ ਵਿਦਿਆਰਥੀਆਂ ਨੂੰ ਦੱਸੀ ਜਾਵੇਗੀ। ਜੇਕਰ ਕਿਸੇ ਵੀ ਵਿਦਿਆਰਥੀ ਨੂੰ ਕੋਈ ਸੰਦੇਹ ਹੋਵੇ ਤਾਂ ਉਹ ਪ੍ਰੋ. (ਡਾ.) HPS ਧਾਮੀ, ਐਗਜ਼ੀਕਿਊਟਿਵ ਡੀਨ, LTSU ਨਾਲ ਸੰਪਰਕ ਕਰ ਸਕਦੇ ਹਨ।
- ਵਿਦਿਆਰਥੀਆਂ ਨੂੰ ਅਪੀਲ ਹੈ ਕਿ ਉਹ ਆਪਣੇ-ਆਪਣੇ ਕੌਸ਼ਲ ਵਿਕਾਸ ਅਤੇ ਅਕਾਦਮਿਕ ਪੂਰਨਤਾ 'ਤੇ ਧਿਆਨ ਕੇਂਦਰਤ ਕਰਨ।
- ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ, ਨਵਾਂ ਅਕਾਦਮਿਕ ਸੈਸ਼ਨ 21 ਜੁਲਾਈ 2025 ਤੋਂ ਸ਼ੁਰੂ ਹੋ ਰਿਹਾ ਹੈ। ਵਿਦਿਆਰਥੀ ਆਪਣੀ ਯੂਨੀਵਰਸਿਟੀ ਆਉਣ ਦੀ ਯੋਜਨਾ ਇਸ ਅਨੁਸਾਰ ਬਣਾਉਣ। ਜਲਦੀ ਆਉਣ ਕਾਰਨ ਰੀਪੇਅਰ ਦੇ ਕੰਮਾਂ ਕਰਕੇ ਅਸੁਵਿਧਾ ਹੋ ਸਕਦੀ ਹੈ।
- ਇਹ ਵੀ ਸਾਫ਼ ਕਰ ਦਿੱਤਾ ਜਾਂਦਾ ਹੈ ਕਿ ਚਾਂਸਲਰ ਵਿੱਚ ਹੋਈ ਤਬਦੀਲੀ ਦਾ ਯੂਨੀਵਰਸਿਟੀ ਦੇ ਕੰਮਕਾਜ ਜਾਂ ਵਿਦਿਆਰਥੀਆਂ ਲਈ ਕੋਈ ਅਸਰ ਨਹੀਂ ਹੈ।

11/07/2025
(ਰਜਿਸਟਰਾਰ)

ਉਪਰੋਕਤ ਦੀ ਪ੍ਰਤੀ ਲਿਖਤੀ ਰੂਪ ਵਿੱਚ ਜਾਣਕਾਰੀ ਲਈ ਹੇਠ ਲਿਖਿਆਂ ਨੂੰ ਭੇਜੀ ਜਾਂਦੀ ਹੈ:

- ਮਾਣਯੋਗ ਚਾਂਸਲਰ ਦਾ ਦਫ਼ਤਰ
- ਮਾਣਯੋਗ ਵਾਈਸ-ਚਾਂਸਲਰ ਦਾ ਦਫ਼ਤਰ

LAMRIN TECH SKILLS UNIVERSITY PUNJAB LTSU

Sd-
(ਰਜਿਸਟਰਾਰ)